# ਮੁਲਾਕਾਤ ਕਰਨ ਬਾਰੇ ਜਾਣਕਾਰੀ

(Information about Visiting – Punjabi Version)

## ਇਸ ਪਰਚੇ ਬਾਰੇ

ਇਹ ਪਰਚਾ ਐਨਐਚਐਸ ਗ੍ਰੇਟਰ ਗਲਾਸਗੋ ਐਂਡ ਕਲਾਈਡ (NHSGGC) ਵਿੱਚ ਮੁਲਾਕਾਤਾਂ ਕਰਨ ਦੇ ਇੰਤਜ਼ਾਮਾਂ ਦਾ ਸਾਰ ਪ੍ਰਦਾਨ ਕਰਦਾ ਹੈ। ਅਗਲੇਰੀ ਜਾਣਕਾਰੀ NHSGGC ਵੈੱਬਸਾਈਟ 'ਤੇ, ਜਾਂ ਵਾਰਡ ਦੇ ਅਮਲੇ ਕੋਲੋਂ ਉਪਲਬਧ ਹੈ।

## ਵਿਅਕਤੀ ਕੇਂਦਰਿਤ ਮੁਲਾਕਾਤ ਕੀ ਹੈ?

ਸਾਰੇ NHSGGC ਵਿੱਚ ਵਿਅਕਤੀ ਕੇਂਦਰਿਤ ਮੁਲਾਕਾਤ ਸਥਾਪਿਤ ਹੈ। ਇਸਦਾ ਮਤਲਬ ਹੈ ਕਿ ਅਸੀਂ ਮਰੀਜ਼ਾਂ ਅਤੇ ਪਰਿਵਾਰਾਂ ਦੇ ਨਾਲ ਮਿਲ ਕੇ ਕੰਮ ਕਰਦੇ ਹਾਂ ਤਾਂ ਜੋ ਪਰਿਵਾਰਕ ਸਹਾਇਤਾ ਇੰਞ ਦੀ ਹੋਵੇ:




## ਮੈਂ ਇੱਕ ਮੁਲਾਕਾਤ ਦਾ ਇੰਤਜ਼ਾਮ ਕਿਵੇਂ ਕਰਾਂ?

ਕਿਰਪਾ ਕਰਕੇ ਆਪਣੇ ਦੋਸਤ/ਪਰਿਵਾਰਕ ਮੈਂਬਰ ਅਤੇ ਅਮਲੇ ਨਾਲ ਇਸ ਬਾਰੇ ਗੱਲ ਕਰੋ ਕਿ ਤੁਹਾਡੇ ਕੋਲ ਮੁਲਾਕਾਤ ਕਰਨਾ ਕਦੋਂ ਵਧੀਆ ਹੋਵੇਗਾ।

ਤੁਸੀਂ ਸਾਰੇ ਵਾਰਡਾਂ ਅਤੇ ਵਿਭਾਗਾਂ ਵਾਸਤੇ ਟੈਲੀਫ਼ੋਨ ਨੰਬਰਾਂ ਦੀ ਇੱਕ ਸੂਚੀ NHSGGC ਵੈੱਬਸਾਈਟ 'ਤੇ ਦੇਖ ਸਕਦੇ ਹੋ ਜਾਂ ਫਿਰ ਤੁਸੀਂ ਹਸਪਤਾਲ ਦੇ ਸਵਿੱਚਬੋਰਡ ਨਾਲ ਸੰਪਰਕ ਕਰ ਸਕਦੇ ਹੋ।

## ਕੀ ਮੈਂ ਭੋਜਨ ਦੇ ਸਮਿਆਂ 'ਤੇ ਮੁਲਾਕਾਤ ਲਈ ਜਾ ਸਕਦਾ/ਦੀ ਹਾਂ?

ਖਾਣਾ ਇੱਕ ਸਮਾਜਕ ਮੌਕਾ ਹੈ – ਸਹਾਇਤਾ ਅਤੇ ਸਾਥ ਦੀ ਪੇਸ਼ਕਸ਼ ਕਰਨ ਲਈ ਪਰਿਵਾਰ, ਦੋਸਤਾਂ ਅਤੇ ਸੰਭਾਲ ਕਰਤਾਵਾਂ ਦਾ ਭੋਜਨ ਦੇ ਸਮਿਆਂ 'ਤੇ ਆਉਣ ਲਈ ਸਵਾਗਤ ਹੈ।

ਕੁਝ ਮਾਨਸਿਕ ਸਿਹਤ ਵਾਰਡਾਂ ਵਿੱਚ, ਮੁਲਾਕਾਤਾਂ ਕੇਵਲ ਖਾਣ ਵਾਲੇ ਕਮਰਿਆਂ ਵਿੱਚ ਹੀ ਹੋ ਸਕਦੀਆਂ ਹਨ। ਇਹਨਾਂ ਖੇਤਰਾਂ ਵਿੱਚ, ਅਸੀਂ ਭੋਜਨ ਦੇ ਸਮਿਆਂ ਦੌਰਾਨ ਪਰਿਵਾਰਕ ਸਹਾਇਤਾ ਬਾਰੇ ਤੁਹਾਡੇ ਨਾਲ ਵਿਚਾਰ-ਵਟਾਂਦਰਾ ਕਰਾਂਗੇ, ਅਤੇ ਤੁਹਾਡੇ ਨਾਲ ਅਤੇ ਉਸ ਵਿਅਕਤੀ ਨਾਲ ਮੁਲਾਕਾਤ ਕਰਨ ਦੀ ਯੋਜਨਾ ਬਾਰੇ ਸਹਿਮਤ ਹੋਵਾਂਗੇ ਜਿਸਨੂੰ ਤੁਸੀਂ ਮਿਲਣਾ ਚਾਹੁੰਦੇ ਹੋ।

## ਕੀ ਹੋਰ ਲੋਕ ਮੇਰੇ ਨਾਲ ਮੁਲਾਕਾਤ ਲਈ ਆ ਸਕਦੇ ਹਨ?

ਜ਼ਿਆਦਾਤਰ ਹਾਲਾਤਾਂ ਵਿੱਚ ਅਸੀਂ ਕਹਿੰਦੇ ਹਾਂ ਕਿ ਇੱਕ ਸਮੇਂ 'ਤੇ 2 ਤੋਂ ਵੱਧ ਮੁਲਾਕਾਤੀ ਨਾ ਹੋਣ (ਇਹ ਮੁਲਾਕਾਤੀ ਬਦਲ ਸਕਦੇ ਹਨ)। ਇਹ ਵਾਤਾਵਰਣ ਨੂੰ ਵੱਧ ਤੋਂ ਵੱਧ ਸੰਭਵ ਹੱਦ ਤੱਕ ਆਰਾਮਦਾਇਕ ਬਣਾਉਣ ਵਿੱਚ ਮਦਦ ਕਰਨ ਲਈ, ਅਤੇ ਲਾਗ ਲੱਗਣ ਦੇ ਖਤਰੇ ਨੂੰ ਘੱਟ ਤੋਂ ਘੱਟ ਕਰਨ ਵਾਸਤੇ ਹੈ। ਪਰ, ਅਸੀਂ ਜਾਣਦੇ ਹਾਂ ਕਿ ਕਈ ਵਾਰ ਅਜਿਹੇ ਸਮੇਂ ਵੀ ਹੋ ਸਕਦੇ ਹਨ ਜਦੋਂ 2 ਤੋਂ ਵੱਧ ਲੋਕਾਂ ਨੂੰ ਮੁਲਾਕਾਤ ਕਰਨ ਦੀ ਲੋੜ ਪੈ ਸਕਦੀ ਹੈ। ਇੰਚਾਰਜ ਨਰਸ ਤੁਹਾਡੇ ਨਾਲ ਇਸ ਬਾਰੇ ਵਿਚਾਰ-ਵਟਾਂਦਰਾ ਕਰਕੇ ਖੁਸ਼ ਹੋਵੇਗੀ।

ਬੱਚਿਆਂ ਦਾ ਸਵਾਗਤ ਹੈ; ਸਾਰੇ ਸਮਿਆਂ 'ਤੇ ਉਹਨਾਂ ਦੀ ਨਿਗਰਾਨੀ ਕੀਤੇ ਜਾਣ ਦੀ ਲੋੜ ਹੈ।

## ਕੀ ਮੈਂ ਇਹ ਪਤਾ ਕਰਨ ਲਈ ਵਾਰਡ ਨੂੰ ਫ਼ੋਨ ਕਰ ਸਕਦਾ/ਦੀ ਹਾਂ ਕਿ ਕਿਸੇ ਰਿਸ਼ਤੇਦਾਰ ਜਾਂ ਦੋਸਤ ਦਾ ਕੀ ਹਾਲ ਹੈ?

ਹਾਂ। ਜੇ ਸੰਭਵ ਹੋਵੇ, ਤਾਂ ਇਸ ਨਾਲ ਮਦਦ ਮਿਲਦੀ ਹੈ ਜੇਕਰ ਪਰਿਵਾਰ ਦਾ ਇੱਕ ਮੈਂਬਰ ਹਸਪਤਾਲ ਦਾ ਮੁੱਖ ਸੰਪਰਕ ਹੋ ਸਕਦਾ ਹੈ ਅਤੇ ਜਿਵੇਂ ਵੀ ਢੁਕਵਾਂ ਹੋਵੇ, ਹੋਰ ਪਰਿਵਾਰ ਅਤੇ ਦੋਸਤਾਂ ਦੇ ਨਾਲ ਜਾਣਕਾਰੀ ਸਾਂਝੀ ਕਰਦਾ ਹੈ।

ਕਿਰਪਾ ਕਰਕੇ ਨੋਟ ਕਰੋ ਕਿ ਇਸ ਗੱਲ ਦੀ ਇੱਕ ਸੀਮਾ ਹੈ ਕਿ ਅਸੀਂ ਫ਼ੋਨ 'ਤੇ ਕਿਹੜੀ ਜਾਣਕਾਰੀ ਦੇ ਸਕਦੇ ਹਾਂ, ਅਤੇ ਅਸੀਂ ਇਹ ਜਾਣਕਾਰੀ ਕਿਸਨੂੰ ਦੇ ਸਕਦੇ ਹਾਂ।

## ਮੇਰੇ ਪਰਿਵਾਰ ਦੇ ਸਦੱਸ ਜਾਂ ਦੋਸਤ ਨੂੰ ਲਾਗ ਲੱਗਣ ਦਾ ਸਭ ਤੋਂ ਵੱਧ ਖਤਰਾ ਹੈ; ਉਹਨਾਂ ਵਾਸਤੇ ਮੁਲਾਕਾਤ ਦੇ ਕਿਹੜੇ ਇੰਤਜ਼ਾਮ ਕੀਤੇ ਗਏ ਹਨ?

ਲਾਗ ਲੱਗਣ ਦੇ ਸਭ ਤੋਂ ਵੱਧ ਖਤਰੇ ਵਾਲੇ ਮਰੀਜ਼ਾਂ (ਉਦਾਹਰਨ ਲਈ ਜੇ ਉਹਨਾਂ ਨੂੰ ਖੂਨ ਦਾ ਕੈਂਸਰ ਹੈ, ਕੀਮੋਥੈਰੇਪੀ ਕਰਕੇ ਪ੍ਰਤੀਰੋਧਤਾ ਪ੍ਰਣਾਲੀ ਕਮਜ਼ੋਰ ਹੋ ਗਈ ਹੈ, ਜਾਂ ਹੱਡੀ ਦੀ ਮਿੱਝ ਦਾ ਪ੍ਰਤੀਰੋਪਣ ਕਰਵਾ ਰਹੇ ਹਨ) ਨੂੰ ਵੀ ਵਿਅਕਤੀ ਕੇਂਦਰਿਤ ਮੁਲਾਕਾਤ ਤੋਂ ਲਾਭ ਹੋ ਸਕਦਾ ਹੈ।

ਕੁਝ ਵਿਅਕਤੀਗਤ ਹਾਲਾਤਾਂ ਵਿੱਚ, ਕਿਸੇ ਵਿਅਕਤੀ ਵਿਸ਼ੇਸ਼ ਨਾਲ ਮੁਲਾਕਾਤ ਕਰਨ ਵਾਸਤੇ ਅਜੇ ਵੀ ਬਹੁ-ਅਨੁਸ਼ਾਸਨੀ ਟੀਮ ਦੁਆਰਾ ਖਤਰੇ ਦਾ ਮੁਲਾਂਕਣ ਕੀਤੇ ਜਾਣ ਦੀ ਲੋੜ ਪੈ ਸਕਦੀ ਹੈ। ਵਾਰਡ ਦਾ ਅਮਲਾ ਇਹਨਾਂ ਬਾਰੇ ਤੁਹਾਡੇ ਨਾਲ ਵਿਚਾਰ-ਵਟਾਂਦਰਾ ਕਰਕੇ ਖੁਸ਼ ਹੋਵੇਗਾ।

## ਜੇ ਕਿਸੇ ਵਾਰਡ ਵਿੱਚ ਸੰਕਰਮਣ ਹੋ ਜਾਂਦਾ ਹੈ ਤਾਂ ਕੀ ਹੋਵੇਗਾ?

ਉਹਨਾਂ ਵਾਰਡਾਂ ਵਿੱਚ ਜਿੱਥੇ ਲਾਗ ਦੇ ਫੈਲਣ ਦਾ ਪ੍ਰਬੰਧਨ ਕੀਤਾ ਜਾ ਰਿਹਾ ਹੈ, ਮਰੀਜ਼ਾਂ, ਪਰਿਵਾਰਕ ਮੈਂਬਰਾਂ ਅਤੇ ਅਮਲੇ ਦੀ ਰੱਖਿਆ ਕਰਨ ਵਿੱਚ ਮਦਦ ਕਰਨ ਲਈ ਅਸਥਾਈ ਤੌਰ 'ਤੇ ਜ਼ਰੂਰੀ ਮੁਲਾਕਾਤਾਂ ਦੀ ਸ਼ੁਰੂਆਤ ਕੀਤੀ ਜਾ ਸਕਦੀ ਹੈ ਜਦੋਂ ਤੱਕ ਸਥਿਤੀ ਠੀਕ ਨਹੀਂ ਹੋ ਜਾਂਦੀ।

ਮੁਲਾਕਾਤ ਕਰਨ ਬਾਰੇ ਜ਼ਰੂਰੀ ਇੰਤਜ਼ਾਮਾਂ ਬਾਰੇ ਵਧੇਰੇ ਜਾਣਕਾਰੀ NHSGGC ਵੈੱਬਸਾਈਟ 'ਤੇ ਉਪਲਬਧ ਹੈ।

## ਜੇ ਮੈਂ ਜਾਂ ਕੋਈ ਹੋਰ ਪਰਿਵਾਰ ਅਤੇ ਦੋਸਤ ਮੁਲਾਕਾਤ ਕਰਨ ਨਹੀਂ ਜਾ ਸਕਦੇ ਤਾਂ ਕੀ?

ਜੇ ਤੁਸੀਂ ਨਿੱਜੀ ਤੌਰ 'ਤੇ ਮੁਲਾਕਾਤ ਨਹੀਂ ਕਰ ਸਕਦੇ, ਤਾਂ ਕਿਰਪਾ ਕਰਕੇ ਸੰਪਰਕ ਵਿੱਚ ਬਣੇ ਰਹਿਣ ਲਈ ਤਕਨਾਲੋਜੀ ਦੀ ਵਰਤੋਂ ਕਰੋ ਜਿਵੇਂ ਕਿ ਸੋਸ਼ਲ ਮੀਡੀਆ ਅਤੇ ਫ਼ੋਨ ਕਾਲਾਂ। ਜੇ ਜਿਸ ਵਿਅਕਤੀ ਨਾਲ ਤੁਸੀਂ ਗੱਲ ਕਰਨਾ ਚਾਹੁੰਦੇ ਹੋ, ਉਸ ਕੋਲ ਆਪਣੇ ਉਪਕਰਣ ਤੱਕ ਪਹੁੰਚ ਨਹੀਂ ਹੈ, ਤਾਂ ਕਿਰਪਾ ਕਰਕੇ ਸਾਡੀ ਵਿਅਕਤੀ ਕੇਂਦਰਿਤ ਆਭਾਸੀ ਮੁਲਾਕਾਤ ਸੇਵਾ ਤੱਕ ਪਹੁੰਚ ਕਰੋ। ਸਾਰੇ ਵਾਰਡਾਂ ਵਿੱਚ 'ਆਭਾਸੀ ਮੁਲਾਕਾਤਾਂ' (ਵੀਡੀਓ ਕਾਲ) ਦੀ ਆਗਿਆ ਦੇਣ ਲਈ ਆਈਪੈਡ ਹਨ ਜੋ ਮਰੀਜ਼ਾਂ ਨੂੰ ਉਹਨਾਂ ਲੋਕਾਂ ਨੂੰ ਆਭਾਸੀ ਤੌਰ 'ਤੇ ਦੇਖਣ ਅਤੇ ਉਹਨਾਂ ਨਾਲ ਗੱਲ ਕਰਨ ਦੇ ਯੋਗ ਬਣਾਉਂਦੇ ਹਨ ਜੋ ਉਹਨਾਂ ਲਈ ਮਾਅਨੇ ਰੱਖਦੇ ਹਨ।

## ਮੁਲਾਕਾਤ ਕਰਦੇ ਸਮੇਂ ਮੈਨੂੰ ਕਿਹੜੇ ਸੁਰੱਖਿਆ ਉਪਾਵਾਂ ਦੀ ਪਾਲਣਾ ਕਰਨ ਦੀ ਲੋੜ ਹੈ?

1. ਹਸਪਤਾਲ ਵਿੱਚ ਦਾਖ਼ਲ ਲੋਕ ਵਿਸ਼ੇਸ਼ ਕਰਕੇ ਲਾਗ ਲੱਗਣ ਦੇ ਖਤਰਿਆਂ ਪ੍ਰਤੀ ਕਮਜ਼ੋਰ ਹੁੰਦੇ ਹਨ। ਇਸ ਕਰਕੇ, ਬਸ਼ਰਤੇ ਕਿ ਤੁਹਾਨੂੰ ਛੋਟ ਨਹੀਂ ਹੈ, ਅਸੀਂ ਪੁਰਜ਼ੋਰ ਸਿਫਾਰਸ਼ ਕਰਦੇ ਹਾਂ ਕਿ ਤੁਸੀਂ ਆਪਣੀ ਸਮੁੱਚੀ ਮੁਲਾਕਾਤ ਦੌਰਾਨ **ਚਿਹਰੇ ਦਾ ਮਾਸਕ** ਪਹਿਨੋ।
2. ਕਿਰਪਾ ਕਰਕੇ ਪਹੁੰਚਣ ਵੇਲੇ, ਵਾਪਸ ਜਾਣ ਵੇਲੇ ਅਤੇ ਆਪਣੀ ਫੇਰੀ ਦੌਰਾਨ ਜਦੋਂ ਤੁਸੀਂ ਸਤਹਾਂ ਦੇ ਸੰਪਰਕ ਵਿੱਚ ਆਉਂਦੇ ਹੋ ਤਾਂ **ਹੈਂਡ ਜੈੱਲ** ਦੀ ਵਰਤੋਂ ਕਰੋ।
3. ਕਿਰਪਾ ਕਰਕੇ **ਮੁਲਾਕਾਤ ਕਰਨ ਨਾ ਆਓ ਜੇ ਤੁਸੀਂ ਬਿਮਾਰ ਮਹਿਸੂਸ ਕਰਦੇ ਹੋ।**
4. ਕਿਰਪਾ ਕਰਕੇ **ਜਨਤਾ ਲਈ ਪ੍ਰਦਾਨ ਕੀਤੀਆਂ ਟਾਇਲਟਾਂ** (ਮਰੀਜ਼ਾਂ ਜਾਂ ਅਮਲੇ ਵਾਸਤੇ ਨਹੀਂ) ਦੀ ਵਰਤੋਂ ਕਰੋ ਜਿੱਥੇ ਤੁਸੀਂ ਕਰ ਸਕਦੇ ਹੋ।

## ਮੈਨੂੰ ਅਗਲੇਰੀ ਜਾਣਕਾਰੀ ਕਿੱਥੋਂ ਮਿਲ ਸਕਦੀ ਹੈ?

ਮੁਲਾਕਾਤ ਦੇ ਵਰਤਮਾਨ ਇੰਤਜ਼ਾਮਾਂ ਬਾਰੇ ਅਗਲੇਰੀ ਜਾਣਕਾਰੀ NHSGGC ਵੈੱਬਸਾਈਟ 'ਤੇ ਉਪਲਬਧ ਹੈ।

**ਜੇ ਤੁਹਾਨੂੰ ਇਹ ਜਾਣਕਾਰੀ ਕਿਸੇ ਪਹੁੰਚਣਯੋਗ ਵੰਨਗੀ ਵਿੱਚ ਜਿਵੇਂ ਕਿ ਵੱਡੇ ਛਾਪੇ ਜਾਂ ਬਰੇਲ ਲਿਪੀ (ਅੰਗਰੇਜ਼ੀ ਵਿੱਚ), ਜਾਂ ਕਿਸੇ ਭਾਈਚਾਰਕ ਭਾਸ਼ਾ ਵਿੱਚ ਚਾਹੀਦੀ ਹੈ, ਤਾਂ ਕਿਰਪਾ ਕਰਕੇ person.centred@ggc.scot.nhs.uk 'ਤੇ ਈਮੇਲ ਕਰੋ**

**ਤੁਹਾਡੇ ਸਹਿਯੋਗ ਅਤੇ ਸਹਾਇਤਾ ਵਾਸਤੇ ਤੁਹਾਡਾ ਬਹੁਤ-ਬਹੁਤ ਧੰਨਵਾਦ।**